ਕਾਊਂਟੀ

STATE OF CALIFORNIA
HEALTH AND HUMAN SERVICES AGENCY
CALIFORNIA DEPARTMENT OF SOCIAL SERVICES

# CALFRESH ਵੱਧ ਭੁਗਤਾਨ ਦਾ ਨੋਟਿਸ ਸਿਰਫ ਪ੍ਰਸ਼ਾਸਨੀ ਗਲਤੀਆਂ ਲਈ

ਨੋਟਿਸ ਦੀ ਮਿਤੀ: ______________________
ਕੇਸ
ਨਾਮ : ______________________
ਨੰਬਰ : ______________________
ਵਰਕਰ
ਨਾਮ : ______________________
ਨੰਬਰ : ______________________
ਟੈਲੀਫੋਨ : ______________________
ਪਤਾ : ______________________
______________________
______________________

(ADDRESSEE)

**ਸਰਕਾਰੀ ਸੁਣਵਾਈ: ਜੇ ਤੁਸੀਂ ਸਮਝਦੇ ਹੋ ਕਿ ਇਹ ਕਾਰਵਾਈ ਗਲਤ ਹੈ ਤਾਂ ਤੁਸੀਂ ਸਟੇਟ ਪੱਧਰ ਦੀ ਸੁਣਵਾਈ ਦੀ ਮੰਗ ਕਰ ਸਕਦੇ ਹੋ। ਇਸ ਪੰਨੇ ਦੇ ਪਿਛਲੇ ਪਾਸੇ ਦੱਸਿਆ ਗਿਆ ਹੈ ਕਿ ਇਹ ਕਿਵੇਂ ਕਰਨਾ ਹੈ। ਜੇ ਤੁਸੀਂ ਇਹ ਕਾਰਵਾਈ ਕੀਤੇ ਜਾਣ ਤੋਂ ਪਹਿਲਾਂ ਸੁਣਵਾਈ ਦੀ ਮੰਗ ਕਰਦੇ ਹੋ ਤਾਂ ਹੋ ਸਕਦਾ ਹੈ ਤੁਹਾਡੇ ਬੈਨਿਫ਼ਿਟਾਂ ਨੂੰ ਬਦਲਿਆ ਨਾ ਜਾਵੇ।**

ਇਸ ਨੂੰ ਬਹੁਤ ਜ਼ਿਆਦਾ CalFresh ਬੈਨਿਫ਼ਿਟ ਜਾਰੀ ਕੀਤੇ ਗਏ ਸਨ:

☐ ਤੁਹਾਡਾ ਪਰਿਵਾਰ।
☐ ਉਹ ਪਰਿਵਾਰ ਜਿਸ ਨੂੰ ਤੁਸੀਂ ਸਪੌਂਸਰ ਕੀਤਾ ਸੀ।

ਇਸਦਾ ਕਾਰਨ ਹੈ:

☐ ਰਿਪੋਰਟ ਨਾ ਕੀਤੀ ਗਈ ਕਮਾਈ ਗਈ ਆਮਦਨੀ 20% ਕਟੌਤੀ ਲਈ ਯੋਗਤਾ ਪੂਰੀ ਨਹੀਂ ਕਰਦੀ ਹੈ।

$________ ਦੀ ਰਕਮ ਦੇ ਵਾਧੂ CalFresh ਬੈਨਿਫ਼ਿਟ ____________________ ਦੀ ਮਿਆਦ ਲਈ ਜਾਰੀ ਕੀਤੇ ਗਏ ਸਨ।
ਪਰਿਵਾਰ ਨੂੰ CalFresh ਬੈਨਿਫ਼ਿਟਾਂ ਦੇ ਰੂਪ ਵਿੱਚ $ ___________ ਪ੍ਰਾਪਤ ਹੋਏ ਸਨ।
ਪਰਿਵਾਰ ਨੂੰ CalFresh ਬੈਨਿਫ਼ਿਟਾਂ ਦੇ ਰੂਪ ਵਿੱਚ $__________ ਮਿਲਣੇ ਚਾਹੀਦੇ ਸਨ।
$ ___________ (ਵਾਧੂ CalFresh ਬੈਨਿਫ਼ਿਟ) ਤੁਹਾਨੂੰ ਪ੍ਰਾਪਤ ਹੋਈ ਰਕਮ ਅਤੇ ਜੋ ਤੁਹਾਨੂੰ ਪ੍ਰਾਪਤ ਹੋਣੀ ਚਾਹੀਦੀ ਸੀ, ਵਿਚਲਾ ਅੰਤਰ ਹੈ।
ਇਸ ਰਕਮ ਵਿੱਚੋਂ $ ___________ ਘਟਾ ਦਿੱਤੇ ਗਏ ਸਨ ਕਿਉਂਕਿ ਸਾਨੂੰ ਤੁਹਾਡੀ ਬਕਾਇਆ ਰਕਮ ਵਿੱਚੋਂ ਕੁਝ ਮੁੜ-ਭੁਗਤਾਨ ਪ੍ਰਾਪਤ ਹੋਇਆ ਸੀ। ਤੁਹਾਡੇ 'ਤੇ ਹੁਣ $ ____________ ਬਕਾਇਆ ਹਨ।
ਇਸ ਨੋਟਿਸ ਦੇ ਨਾਲ ਆਈ ਵਰਕਸ਼ੀਟ 'ਤੇ ਦੇਖੋ ਕਿ ਅਸੀਂ ਤੁਹਾਨੂੰ ਪ੍ਰਾਪਤ ਹੋਈ ਵਾਧੂ ਰਕਮ ਦਾ ਹਿਸਾਬ ਕਿਵੇਂ ਲਗਾਇਆ ਹੈ।

**ਵਾਪਸੀ ਭੁਗਤਾਨ**
**ਤੁਹਾਨੂੰ ਵਾਧੂ CalFresh ਬੈਨਿਫ਼ਿਟ ਵਾਪਸ ਕਰਨਾ ਪਵੇਗਾ।**

1. ਤੁਸੀਂ ਵਾਧੂ CalFresh ਬੈਨਿਫ਼ਿਟਾਂ ਦਾ ਪੂਰਾ ਵਾਪਸੀ ਭੁਗਤਾਨ ਕਰ ਸਕਦੇ ਹੋ, ਜਾਂ
2. ਨੱਥੀ ਵਾਪਸੀ-ਭੁਗਤਾਨ ਦੇ ਸਮਝੌਤੇ (CF 377.7E1) ਨੂੰ ਭਰ ਕੇ ਅਤੇ ਇਸ 'ਤੇ ਦਸਤਖਤ ਕਰ ਕੇ ਵਾਪਸ ਕਰ ਸਕਦੇ ਹੋ ਅਤੇ ਸਹਿਮਤ ਕੀਤੇ ਅਨੁਸਾਰ ਭੁਗਤਾਨ ਕਰ ਸਕਦੇ ਹੋ, ਜਾਂ
3. ਜੇ ਤੁਸੀਂ ਇਸ ਨੋਟਿਸ ਦੀ ਮਿਤੀ ਦੇ ਬਾਅਦ 30 ਦਿਨਾਂ ਦੇ ਅੰਦਰ ਸਮਝੌਤੇ 'ਤੇ ਦਸਤਖਤ ਕਰਕੇ ਇਸ ਨੂੰ ਵਾਪਸ ਨਹੀਂ ਭੇਜਦੇ ਹੋ ਤਾਂ __________ ਤੋਂ ਸ਼ੁਰੂ ਕਰਦੇ ਹੋਏ ਤੁਹਾਨੂੰ ਮਿਲਣ ਵਾਲੇ CalFresh ਬੈਨਿਫ਼ਿਟਾਂ ਦੀ ਰਕਮ ਨੂੰ _______% ਘਟਾ ਦਿੱਤਾ ਜਾਵੇਗਾ।
   - ਇਸ ਵਾਧੂ ਭੁਗਤਾਨ ਨੂੰ ਵਾਪਸ ਕਰਨ ਲਈ ਤੁਹਾਨੂੰ ਕੋਈ ਵੀ SSI ਬੈਨਿਫ਼ਿਟ ਵਰਤਣ ਦੀ ਲੋੜ ਨਹੀਂ ਹੈ ਜੋ ਤੁਹਾਨੂੰ ਮਿਲਦੇ ਹਨ।
   - ਜਦੋਂ ਲੋੜ ਤੋਂ ਵੱਧ ਭੁਗਤਾਨ ਕਰ ਦਿੱਤਾ ਜਾਂਦਾ ਹੈ ਤਾਂ ਵਸੂਲੀ ਪਰਿਵਾਰ ਦੇ ਸਾਰੇ ਬਾਲਗਾਂ ਤੋਂ ਕੀਤੀ ਜਾਵੇਗੀ।
   - ਜੇ ਤੁਹਾਨੂੰ CalFresh ਬੈਨਿਫ਼ਿਟ ਨਹੀਂ ਮਿਲ ਰਹੇ ਹਨ, ਤਾਂ ਤੁਹਾਡੇ ਪ੍ਰਸ਼ਾਸਨੀ ਗਲਤੀਆਂ (AE) ਕਾਰਨ ਕੀਤੇ ਗਏ ਲੋੜ ਤੋਂ ਵੱਧ ਭੁਗਤਾਨ ਨੂੰ ਵਾਪਸ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ, ਜੇ ਲੋੜ ਤੋਂ ਵੱਧ ਕੀਤਾ ਗਿਆ ਭੁਗਤਾਨ $125 ਤੋਂ ਵੱਧ ਹੈ।

**ਨਿਯਮ:** ਇਹ ਨਿਯਮ ਲਾਗੂ ਹੁੰਦੇ ਹਨ: MPP 63-801.22, 63-801.43, 63-801.7, Lomeli v. Saenz and Duarte v. Saenz. ਤੁਸੀਂ ਇਹਨਾਂ ਨੂੰ ਆਪਣੇ ਕਾਊਂਟੀ ਆਫ਼ਿਸ ਵਿੱਚ ਦੇਖ ਸਕਦੇ ਹੋ:

- ਲੋਮਲੀ ਬਨਾਮ ਸੀਂਜ਼: ਫੈਡਰਲ ਵਿਨਿਯਮ ਮੰਗ ਕਰਦੇ ਹਨ ਕਿ ਸਾਡੇ ਕੋਲ ਤੁਹਾਡੇ ਦਾਅਵੇ ਦੇ ਕਿਸੇ ਵੀ ਹਿੱਸੇ ਨੂੰ ਮਾਫ਼ ਕਰਨ ਦਾ ਨਿਯਮ ਹੋਵੇ ਜੇ ਸਾਡਾ ਮੰਨਣਾ ਹੈ ਕਿ ਤੁਸੀਂ ਦਾਅਵੇ ਦਾ ਵਾਪਸੀ ਭੁਗਤਾਨ ਨਹੀਂ ਕਰ ਸਕਦੇ ਹੋ। ਅਸੀਂ ਦਾਅਵੇ ਦੇ ਸਿਰਫ ਉਸ ਹਿੱਸੇ ਨੂੰ ਮਾਫ਼ ਕਰਦੇ ਹਾਂ ਜਿੱਥੇ ਕਾਊਂਟੀ ਨੇ ਗਲਤੀ ਕੀਤੀ ਹੈ। ਕਿਉਂਕਿ ਕਾਊਂਟੀ ਨੇ ਗਲਤੀ ਕੀਤੀ ਹੈ, ਅਸੀਂ ਕੁੱਲ 36 ਮਹੀਨਿਆਂ ਤਕ ਲਈ, ਤੁਹਾਡੀ ਮਹੀਨਾਵਾਰ ਵੰਡ ਵਿੱਚੋਂ 5% ਜਾਂ $10.00, ਜੋ ਵੀ ਵੱਧ ਹੋਵੇ, ਘਟਾ ਕੇ ਉਪਰੋਕਤ ਰਕਮ ਵਸੂਲ ਕਰਾਂਗੇ। ਉਸ ਮਿਆਦ ਦੇ ਅੰਤ 'ਤੇ, ਵੱਧ ਭੁਗਤਾਨ ਦਾ ਬਚਿਆ ਹੋਇਆ ਕੋਈ ਵੀ ਬਕਾਇਆ ਮਾਫ਼ ਕਰ ਦਿੱਤਾ ਜਾਵੇਗਾ ਅਤੇ ਵਸੂਲ ਨਹੀਂ ਕੀਤਾ ਜਾਵੇਗਾ।

**ਸੰਭਾਵੀ ਵਸੂਲੀ ਕਾਰਵਾਈਆਂ:**

- ਤੁਹਾਡਾ ਨੱਥੀ ਵਾਪਸੀ-ਭੁਗਤਾਨ ਦਾ ਸਮਝੌਤਾ, ਕਾਊਂਟੀ ਦੁਆਰਾ ਹਿਸਾਬ ਲਗਾਈ ਗਈ ਤੁਹਾਡੀ ਭੁਗਤਾਨ ਕਰਨ ਦੀ ਵਰਤਮਾਨ ਯੋਗਤਾ 'ਤੇ ਅਧਾਰਤ ਹੋਵੇਗਾ। ਭੁਗਤਾਨ ਕਰਨ ਦੀ ਤੁਹਾਡੀ ਸਮਰੱਥਾ ਵਿੱਚ ਕੋਈ ਵੀ ਤਬਦੀਲੀਆਂ ਤੁਹਾਡੇ ਮਹੀਨਾਵਾਰ ਭੁਗਤਾਨਾਂ 'ਤੇ ਅਸਰ ਕਰ ਸਕਦੀਆਂ ਹਨ।
- ਜੇ ਤੁਸੀਂ ਵਾਪਸੀ ਭੁਗਤਾਨ ਨਹੀਂ ਕਰਦੇ ਹੋ, ਤਾਂ ਕਾਊਂਟੀ ਬਕਾਇਆ ਰਕਮ ਨੂੰ ਵਸੂਲਣ ਵਾਸਤੇ ਦੂਜੇ ਤਰੀਕੇ ਵਰਤ ਸਕਦੀ ਹੈ, ਜਿਵੇਂ ਕਿ ਅਦਾਲਤਾਂ ਦੇ ਰਾਹੀਂ, ਦੂਜੀਆਂ ਵਸੂਲੀ ਏਜੰਸੀਆਂ ਦੇ ਤਰੀਕੇ ਅਤੇ ਫੈਡਰਲ ਸਰਕਾਰ ਦੀ ਵਸੂਲੀ ਕਾਰਵਾਈ।
- ਜੇ ਇਸ ਗਲਤੀ ਦੀ ਬਾਅਦ ਵਿੱਚ ਅਦਾਲਤ ਦੁਆਰਾ ਸਮੀਖਿਆ ਕੀਤੀ ਜਾਂਦੀ ਹੈ ਅਤੇ ਇਹ ਨਿਰਧਾਰਤ ਕੀਤਾ ਜਾਂਦਾ ਹੈ ਕਿ ਇਹ ਤੁਹਾਡਾ ਕਸੂਰ ਸੀ, ਤਾਂ ਜੁਰਮਾਨੇ ਲਾਗੂ ਹੋਣਗੇ ਭਾਵੇਂ ਤੁਸੀਂ ਆਪਣੇ ਉੱਪਰ ਬਕਾਇਆ ਰਕਮ ਦਾ ਵਾਪਸੀ ਭੁਗਤਾਨ ਕਰਨ ਲਈ ਸਹਿਮਤ ਹੋ ਜਾਂਦੇ ਹੋ।
- ਜੇ ਦਾਅਵਾ ਕਾਨੂੰਨੀ ਤੌਰ ਤੇ ਦੇਣਯੋਗ ਬਣ ਜਾਂਦਾ ਹੈ ਜਾਂ ਜੇ ਪਰਿਵਾਰ 'ਤੇ ਮੁਕੱਦਮਾ ਕੀਤਾ ਜਾਂਦਾ ਹੈ, ਤਾਂ ਤੁਹਾਡੇ 'ਤੇ ਵਾਧੂ ਪ੍ਰੋਸੈਸਿੰਗ ਚਾਰਜ ਜਾਂ ਅਦਾਲਤ ਦੀਆਂ ਲਾਗਤਾਂ ਲਗਾਈਆਂ ਜਾ ਸਕਦੀਆਂ ਹਨ।
- ਜੇ ਤੁਸੀਂ ਬਕਾਇਆ ਰਕਮ ਦਾ ਵਾਪਸੀ ਭੁਗਤਾਨ ਨਹੀਂ ਕਰਦੇ ਹੋ, ਤਾਂ ਕਾਊਂਟੀ ਤੁਹਾਡਾ ਸਟੇਟ/ਫੈਡਰਲ ਇਨਕਮ ਟੈਕਸ ਰਿਫੰਡ ਲੈ ਸਕਦੀ ਹੈ ਅਤੇ/ਜਾਂ ਅਦਾਲਤ ਤੋਂ ਤੁਹਾਡੀ ਤਨਖਾਹ ਜਾਂ ਤੁਹਾਡੀ ਕਿਸੇ ਪ੍ਰਾਪਰਟੀ ਦੀ ਕੁਰਕੀ ਕਰਨ ਦੀ ਮੰਗ ਕਰ ਸਕਦੀ ਹੈ।

**ਪ੍ਰਸ਼ਨ? ਆਪਣੇ ਵਰਕਰ ਨੂੰ ਪੁੱਛੋ।**

**ਚਿਤਾਵਨੀ:** ਜੇ ਤੁਹਾਡਾ ਮੰਨਣਾ ਹੈ ਕਿ ਇਹ ਵਾਧੂ ਭੁਗਤਾਨ ਗਲਤ ਹੈ, ਤਾਂ ਇਹ ਸੁਣਵਾਈ ਦੀ ਮੰਗ ਕਰਨ ਦਾ ਤੁਹਾਡਾ ਆਖਰੀ ਮੌਕਾ ਹੈ। ਜੇ ਤੁਸੀਂ CalFresh 'ਤੇ ਬਣੇ ਰਹਿੰਦੇ ਹੋ, ਤਾਂ ਕਾਊਂਟੀ ਤੁਹਾਡੇ ਮਹੀਨਾਵਾਰ ਬੈਨਿਫ਼ਿਟਾਂ ਨੂੰ ਘਟਾ ਕੇ ਜ਼ਿਆਦਾ ਭੁਗਤਾਨ ਕੀਤੇ ਬੈਨਿਫ਼ਿਟ ਨੂੰ ਵਸੂਲ ਸਕਦੀ ਹੈ। ਜੇ ਵਾਧੂ ਭੁਗਤਾਨ ਨੂੰ ਵਾਪਸ ਕਰਨ ਤੋਂ ਪਹਿਲਾਂ ਤੁਹਾਡਾ CalFresh ਬੰਦ ਹੋ ਜਾਂਦਾ ਹੈ ਅਤੇ ਤੁਸੀਂ ਵਾਪਸੀ ਭੁਗਤਾਨ ਦੇ ਪ੍ਰਬੰਧ ਨਹੀਂ ਕਰਦੇ ਹੋ, ਤਾਂ ਕਾਊਂਟੀ ਤੁਹਾਡੇ 'ਤੇ ਬਕਾਇਆ ਰਕਮ ਨੂੰ ਤੁਹਾਡੇ ਸਟੇਟ/ਫੈਡਰਲ ਇਨਕਮ ਟੈਕਸ ਰਿਫੰਡ ਤੋਂ ਲੈ ਸਕਦੀ ਹੈ ਜਿਵੇਂ ਕਿ ਕਾਨੂੰਨ ਦੁਆਰਾ ਇਜਾਜ਼ਤ ਹੋਵੇ।

## ਸੁਣਵਾਈ ਬਾਰੇ ਤੁਹਾਡੇ ਹੱਕ

**ਜੇ ਤੁਸੀਂ ਕਾਉਂਟੀ ਦੀ ਕਿਸੇ ਕਾਰਵਾਈ ਨਾਲ ਸਹਿਮਤ ਨਹੀਂ ਹੋ ਤਾਂ ਤੁਹਾਨੂੰ ਸੁਣਵਾਈ ਦੀ ਮੰਗ ਕਰਨ ਦਾ ਹੱਕ ਹੈ। ਸੁਣਵਾਈ ਦੀ ਮੰਗ ਕਰਨ ਲਈ ਤੁਹਾਡੇ ਕੋਲ ਸਿਰਫ 90 ਦਿਨ ਹਨ। ਇਹ 90 ਦਿਨ ਉਸ ਤਾਰੀਖ ਤੋਂ ਸ਼ੁਰੂ ਹੁੰਦੇ ਹਨ ਜਿਸ ਦਿਨ ਕਾਉਂਟੀ ਨੇ ਤੁਹਾਨੂੰ ਇਹ ਨੋਟਿਸ ਦਿੱਤਾ ਸੀ ਜਾਂ ਡਾਕ ਰਾਹੀਂ ਭੇਜਿਆ ਸੀ। ਜੇ ਤੁਹਾਡੇ ਕੋਲ 90 ਦਿਨਾਂ ਦੇ ਅੰਦਰ ਸੁਣਵਾਈ ਦੀ ਮੰਗ ਨਾ ਕਰ ਸਕਣ ਦੀ ਕੋਈ ਵਾਜਬ ਵਜਹ ਹੈ ਤਾਂ ਵੀ ਤੁਸੀਂ ਸੁਣਵਾਈ ਲਈ ਅਰਜ਼ੀ ਦੇ ਸਕਦੇ ਹੋ। ਜੇ ਤੁਸੀਂ ਕੋਈ ਵਾਜਬ ਕਾਰਨ ਦੱਸਦੇ ਹੋ ਤਾਂ ਸੁਣਵਾਈ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।**

**ਜੇ ਤੁਸੀਂ ਸੁਣਵਾਈ ਲਈ ਬੇਨਤੀ Cash Aid, Medi-Cal, CalFresh ਜਾਂ ਚਾਈਲਡ ਕੇਅਰ ਉੱਪਰ ਕਾਰਵਾਈ ਕਰਨ ਤੋਂ ਪਹਿਲਾਂ ਕਰਦੇ ਹੋ ਤਾਂ:**

- ਜਦ ਤਕ ਤੁਸੀਂ ਸੁਣਵਾਈ ਦਾ ਇੰਤਜ਼ਾਰ ਕਰੋਗੇ, ਤੁਹਾਡਾ Cash Aid ਜਾਂ Medi-Cal ਪਹਿਲਾਂ ਵਾਂਗ ਬਣਿਆ ਰਹੇਗਾ।
- ਜਦ ਤਕ ਤੁਸੀਂ ਸੁਣਵਾਈ ਦਾ ਇੰਤਜ਼ਾਰ ਕਰੋਗੇ, ਤੁਹਾਡੀਆਂ ਚਾਈਲਡ ਕੇਅਰ ਸੇਵਾਵਾਂ ਪਹਿਲਾਂ ਵਾਂਗ ਬਣੀਆਂ ਰਹਿ ਸਕਦੀਆਂ ਹਨ।
- ਤੁਹਾਡਾ CalFresh ਬੈਨਿਫਿਟਾਂ ਤਦ ਤੀਕਰ ਪਹਿਲਾਂ ਵਾਂਗ ਬਣੀਆਂ ਰਹਿਣਗੀਆਂ ਜਦ ਤਕ ਸੁਣਵਾਈ ਜਾਂ ਤਸਦੀਕ ਦਾ ਅਰਸਾ, ਜੋ ਵੀ ਪਹਿਲਾਂ ਪੂਰਾ ਹੋਵੇ, ਪੂਰਾ ਨਹੀਂ ਹੋ ਜਾਂਦਾ।

**ਜੇ ਸੁਣਵਾਈ ਦਾ ਫੈਸਲਾ ਕਹਿੰਦਾ ਹੈ ਕਿ ਅਸੀਂ ਠੀਕ ਹਾਂ ਤਾਂ ਤੁਸੀਂ ਤੁਹਾਨੂੰ ਮਿਲੇ ਸਾਰੇ ਵਾਧੂ Cash Aid, Medi-Cal, CalFresh ਜਾਂ ਚਾਈਲਡ ਕੇਅਰ ਸੇਵਾਵਾਂ ਲਈ ਸਾਨੂੰ ਦੇਣਦਾਰ ਹੋਵੋਗੇ।** ਸੁਣਵਾਈ ਤੋਂ ਪਹਿਲਾਂ ਤੁਹਾਡੇ ਬੈਨਿਫਿਟਾਂ ਨੂੰ ਘੱਟ ਕਰਨ ਜਾਂ ਰੋਕਣ ਲਈ ਹੇਠਾਂ ਸਹੀ ਲਗਾਉ:

ਹਾਂ, ਘੱਟ ਕਰੋ ਜਾਂ ਬੰਦ ਕਰੋ: ☐ Cash Aid (ਕੈਸ਼ ਏਡ) ☐ CalFresh
☐ ਚਾਈਲਡ ਕੇਅਰ

**ਉਸ ਦੌਰਾਨ ਜਦ ਤੁਸੀਂ ਸੁਣਵਾਈ ਦੇ ਫੈਸਲੇ ਦਾ ਇੰਤਜ਼ਾਰ ਕਰ ਰਹੇ ਹੋਵੋਗੇ:**

**<u>ਵੈਲਫੇਅਰ ਟੂ ਵਰਕ:</u>**

ਤੁਹਾਨੂੰ ਸਰਗਰਮੀਆਂ ਵਿਚ ਹਿੱਸਾ ਲੈਣ ਦੀ ਲੋੜ ਨਹੀਂ ਹੋਵੇਗੀ।

ਰੁਜ਼ਗਾਰ ਅਤੇ ਇਸ ਨੋਟਿਸ ਤੋਂ ਪਹਿਲਾਂ ਕਾਉਂਟੀ ਵਲੋਂ ਪ੍ਰਵਾਨ ਕੀਤੀਆਂ ਗਈਆਂ ਸਰਗਰਮੀਆਂ ਲਈ ਤੁਹਾਨੂੰ ਚਾਈਲਡ ਕੇਅਰ ਲਈ ਭੁਗਤਾਨ ਕੀਤਾ ਜਾ ਸਕਦਾ ਹੈ।

ਜੇ ਅਸੀਂ ਤੁਹਾਨੂੰ ਆਖਦੇ ਹਾਂ ਕਿ ਦੂਜੀਆਂ ਸਹਾਇਕ ਸੇਵਾਵਾਂ ਲਈ ਭੁਗਤਾਨ ਰੋਕ ਦਿੱਤਾ ਜਾਵੇਗਾ, ਤਾਂ ਜੇ ਤੁਸੀਂ ਆਪਣੀ ਸਰਗਰਮੀ ਲਈ ਜਾਂਦੇ ਹੋ ਤਾਂ ਵੀ ਤੁਹਾਨੂੰ ਹੋਰ ਭੁਗਤਾਨ ਨਹੀਂ ਕੀਤੇ ਜਾਣਗੇ।

ਜੇ ਅਸੀਂ ਤੁਹਾਨੂੰ ਆਖਦੇ ਹਾਂ ਕਿ ਤੁਹਾਡੀਆਂ ਦੂਜੀਆਂ ਸਹਾਇਕ ਸੇਵਾਵਾਂ ਲਈ ਭੁਗਤਾਨ ਕੀਤਾ ਜਾਵੇਗਾ ਤਾਂ ਭੁਗਤਾਨ ਦੀ ਰਕਮ ਅਤੇ ਤਰੀਕਾ ਉਹੋ ਹੋਣਗੇ ਜੋ ਇਸ ਨੋਟਿਸ ਵਿਚ ਅਸੀਂ ਤੁਹਾਨੂੰ ਦੱਸੇ ਹਨ।

- ਇਹ ਸਹਾਇਕ ਸੇਵਾਵਾਂ ਪ੍ਰਾਪਤ ਕਰਨ ਲਈ ਤੁਹਾਡੇ ਲਈ ਉਸ ਸਰਗਰਮੀ ਲਈ ਜਾਣਾ ਜ਼ਰੂਰੀ ਹੈ ਜਿਸ ਤੇ ਤੁਹਾਨੂੰ ਕਾਉਂਟੀ ਨੇ ਜਾਣ ਲਈ ਆਖਿਆ ਹੈ।
- ਜੇ ਸੁਣਵਾਈ ਦੇ ਫੈਸਲੇ ਦੇ ਇੰਤਜ਼ਾਰ ਦੇ ਦੌਰਾਨ ਕਾਉਂਟੀ ਵਲੋਂ ਤੁਹਾਨੂੰ ਮਿਲਣ ਵਾਲੀ ਰਕਮ ਇੰਨੀ ਨਹੀਂ ਹੈ ਕਿ ਤੁਸੀਂ ਉਸ ਸਰਗਰਮੀ ਵਿਚ ਹਿੱਸਾ ਲੈ ਸਕੋ ਤਾਂ ਤੁਸੀਂ ਉਸ ਸਰਗਰਮੀ ਲਈ ਜਾਣਾ ਛੱਡ ਸਕਦੇ ਹੋ।

**<u>Cal-Learn</u>:**

- ਤੁਸੀਂ CalLearn ਪ੍ਰੋਗ੍ਰਾਮ ਵਿਚ ਹਿੱਸਾ ਨਹੀਂ ਲੈ ਸਕਦੇ ਜੇ ਅਸੀਂ ਤੁਹਾਨੂੰ ਆਖਿਆ ਹੈ ਕਿ ਅਸੀਂ ਤੁਹਾਡੀ ਸੇਵਾ ਨਹੀਂ ਕਰ ਸਕਦੇ।
- ਅਸੀਂ ਸਿਰਫ ਕਿਸੇ ਪ੍ਰਵਾਨ ਕੀਤੀ ਹੋਈ ਸਰਗਰਮੀ ਲਈ CalLearn ਸਹਾਇਕ ਸੇਵਾਵਾਂ ਲਈ ਭੁਗਤਾਨ ਕਰਾਂਗੇ।

**ਹੋਰ ਜਾਣਕਾਰੀ**

**Medi-Cal ਪ੍ਰਬੰਧਤ ਦੇਖਭਾਲ ਯੋਜਨਾ ਦੇ ਮੈਂਬਰ:** ਇਸ ਨੋਟਿਸ ਦੇ ਉੱਪਰ ਕਾਰਵਾਈ ਨਾਲ ਤੁਹਾਨੂੰ ਤੁਹਾਡੀ ਪ੍ਰਬੰਧਤ ਦੇਖਭਾਲ ਸਿਹਤ ਯੋਜਨਾ ਤੋਂ ਸੇਵਾਵਾਂ ਲੈਣ ਤੋਂ ਰੋਕਿਆ ਜਾ ਸਕਦਾ ਹੈ। ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹਨ ਤਾਂ ਤੁਸੀਂ ਆਪਣੀਆਂ ਸਿਹਤ ਯੋਜਨਾ ਮੈਂਬਰਸ਼ਿਪ ਸੇਵਾਵਾਂ ਨਾਲ ਸੰਪਰਕ ਕਰ ਸਕਦੇ ਹੋ।

**ਚਾਈਲਡ ਅਤੇ/ਜਾਂ ਮੈਡੀਕਲ ਸੱਪੋਰਟ:** ਜੇ ਤੁਹਾਨੂੰ ਕੈਸ਼-ਏਡ ਨਹੀਂ ਮਿਲ ਰਹੀ ਹੈ ਤਾਂ ਵੀ ਸੱਪੋਰਟ ਦੀ ਉਗਰਾਹੀ ਕਰਨ ਵਿਚ ਲੋਕਲ ਚਾਈਲਡ ਸੱਪੋਰਟ ਏਜੰਸੀ ਮੁਫਤ ਸਹਾਇਤਾ ਕਰੇਗੀ। ਜੇ ਉਹ ਤੁਹਾਡੇ ਵਲੋਂ ਸੱਪੋਰਟ ਦੀ ਉਗਰਾਹੀ ਕਰਦੇ ਹਨ ਤਾਂ ਉਹ ਇਹ ਕੰਮ ਤਦ ਤਕ ਕਰਦੇ ਰਹਿਣਗੇ, ਜਦ ਤਕ ਤੁਸੀਂ ਉਹਨਾਂ ਨੂੰ ਇਹ ਕੰਮ ਨਾ ਕਰਨ ਲਈ ਲਿਖਤੀ ਵਿਚ ਨਹੀਂ ਆਖੋਗੇ। ਉਗਰਾਹੀ ਕੀਤੀ ਮੌਜੂਦਾ ਸੱਪੋਰਟ ਰਕਮ ਉਹ ਤੁਹਾਨੂੰ ਭੇਜ ਦੇਣਗੇ ਪਰ ਉਗਰਾਹੇ ਹੋਏ ਪੁਰਾਣੇ ਬਕਾਇਆ ਪੈਸੇ ਵਿਚੋਂ ਉਹ ਆਪਣੇ ਕੋਲ ਉਹ ਪੈਸੇ ਰੱਖ ਲੈਣਗੇ ਜੋ ਤੁਸੀਂ ਕਾਉਂਟੀ ਵਲ ਦੇਣਦਾਰ ਹੋ।

**ਪਰਿਵਾਰ ਦੀ ਯੋਜਨਾਬੰਦੀ:** ਤੁਹਾਡੇ ਮੰਗਣ ਤੇ ਵੈਲਫੇਅਰ ਦਫਤਰ ਤੁਹਾਨੂੰ ਲੋੜੀਂਦੀ ਜਾਣਕਾਰੀ ਦੇਣਗੇ।

**ਸੁਣਵਾਈ ਦੀ ਫਾਈਲ:** ਜੇ ਤੁਸੀਂ ਸੁਣਵਾਈ ਦੀ ਮੰਗ ਕਰਦੇ ਹੋ ਤਾਂ ਸਟੇਟ ਸੁਣਵਾਈ ਡਿਵੀਜ਼ਨ ਇੱਕ ਫਾਈਲ ਬਣਾਏਗਾ। ਸੁਣਵਾਈ ਤੋਂ ਪਹਿਲਾਂ ਤੁਹਾਨੂੰ ਇਹ ਫਾਈਲ ਵੇਖਣ ਅਤੇ ਸੁਣਵਾਈ ਤੋਂ ਘੱਟੋ-ਘੱਟ ਦੋ ਦਿਨ ਪਹਿਲਾਂ ਤੁਹਾਡੇ ਮਾਮਲੇ ਵਿਚ ਕਾਉਂਟੀ ਦੀ ਲਿਖਤੀ ਪੁਜ਼ੀਸ਼ਨ ਦੀ ਕਾਪੀ ਪ੍ਰਾਪਤ ਕਰਨ ਦਾ ਹੱਕ ਹੈ। ਸਟੇਟ ਤੁਹਾਡੀ ਸੁਣਵਾਈ ਫਾਈਲ ਨੂੰ ਕਲਿਆਣ ਵਿਭਾਗ ਅਤੇ ਯੂ.ਐਸ. ਸਿਹਤ ਅਤੇ ਮਾਨਵ ਸੇਵਾਵਾਂ ਅਤੇ ਖੇਤੀ ਵਿਭਾਗਾਂ ਵਿਚ ਭੇਜ ਸਕਦੀ ਹੈ। (W&I ਕੋਡ ਸੈਕਸ਼ਨ 10850 ਅਤੇ 10950.)

## ਸੁਣਵਾਈ ਦੀ ਮੰਗ ਕਰਨ ਲਈ:

- **ਇਸ ਪੰਨੇ ਨੂੰ ਭਰੋ।**
- ਆਪਣੇ ਰਿਕਾਰਡ ਲਈ ਇਸ ਪੰਨੇ ਦੇ ਅਗਲੇ ਅਤੇ ਪਿਛਲੇ ਪਾਸੇ ਦੀ ਕਾਪੀ ਬਣਾਉ।
  ਜੇ ਤੁਸੀਂ ਮੰਗ ਕਰੋਗੇ ਤਾਂ ਤੁਹਾਡਾ ਵਰਕਰ ਤੁਹਾਨੂੰ ਇਸ ਪੰਨੇ ਦੀ ਕਾਪੀ ਲਿਆ ਦੇਵੇਗਾ।
- **ਇਸ ਪੰਨੇ ਨੂੰ ਇਸ ਪਤੇ ਤੇ ਭੇਜੋ ਜਾਂ ਲਿਜਾਉ:**

**ਜਾਂ**

- **ਟੌਲ ਫਰੀ ਫੋਨ ਕਰੋ: 1-800-952-5253** ਜਾਂ ਸੁਣਨ ਜਾਂ ਬੋਲਣ ਵਿਚ ਤਕਲਿਫ ਵਾਲੇ ਲੋਕ TDD ਦੀ ਵਰਤੋਂ ਕਰੋ: **1-800-952-8349**

**ਮਦਦ ਲੈਣ ਲਈ: ਸੁਣਵਾਈ ਦੇ ਆਪਣੇ ਹੱਕਾਂ ਬਾਰੇ ਤੁਸੀਂ ਉੱਪਰ ਦੱਸੇ ਟੌਲ ਫ੍ਰੀ ਫੋਨ ਨੰਬਰਾਂ ਤੇ ਫੋਨ ਕਰਕੇ ਪੁਛ ਸਕਦੇ ਹੋ ਜਾਂ ਕਾਨੂੰਨੀ ਸਹਾਇਤਾ ਲਈ ਰੈਫਰਲ ਮੰਗ ਸਕਦੇ ਹੋ।** ਮੁਫਤ ਕਾਨੂੰਨੀ ਸਹਾਇਤਾ ਤੁਹਾਨੂੰ ਤੁਹਾਡੇ ਸਥਾਨਕ ਕਾਨੂੰਨੀ ਮਦਦ ਜਾਂ ਕਲਿਆਣ ਹੱਕ ਦਫਤਰ ਤੋਂ ਮਿਲ ਸਕਦੀ ਹੈ।

**ਜੇ ਤੁਸੀਂ ਸੁਣਵਾਈ ਲਈ ਇਕੱਲੇ ਨਹੀਂ ਜਾਣਾ ਚਾਹੁੰਦੇ ਤਾਂ ਤੁਸੀਂ ਆਪਣੇ ਕਿਸੇ ਮਿਤੱਰ ਜਾਂ ਕਿਸੇ ਹੋਰ ਵਿਅਕਤੀ ਨੂੰ ਨਾਲ ਲਿਆ ਸਕਦੇ ਹੋ।**

### ਸੁਣਵਾਈ ਲਈ ਬੇਨਤੀ

ਮੇਰੇ ਹੇਠਲੇ ਬੈਨਿਫਿਟ ਦੇ ਉੱਪਰ ________________ ਕਾਉਂਟੀ ਦੇ ਕਲਿਆਣ ਵਿਭਾਗ ਦੁਆਰਾ ਕੀਤੀ ਗਈ ਕਾਰਵਾਈ ਦੇ ਬਾਰੇ ਮੈਂ ਸੁਣਵਾਈ ਚਾਹੁੰਦਾ/ਚਾਹੁੰਦੀ ਹਾਂ:

☐ ਕੈਸ਼ ਏਡ ☐ CalFresh ☐ Medi-Cal (ਮੈਡੀ-ਕੈਲ)
☐ ਹੋਰ (ਸੂਚੀ ਬਣਾਉ) ________________________________

**ਇਸਦੇ ਕਾਰਨ ਇਹ ਹਨ:**________________________________

________________________________________________

________________________________________________

________________________________________________

________________________________________________

☐ **ਜੇ ਤੁਹਾਨੂੰ ਹੋਰ ਥਾਂ ਦੀ ਲੋੜ ਹੈ ਤਾਂ ਇੱਥੇ ਸਹੀ ਲਗਾਉ ਅਤੇ ਇੱਕ ਸਫਾ ਹੋਰ ਲਗਾਉ।**

☐ ਮੈਂ ਚਾਹੁੰਦਾ/ਚਾਹੁੰਦੀ ਹਾਂ ਕਿ ਸਟੇਟ ਮੈਨੂੰ ਇੱਕ ਦੁਭਾਸ਼ੀਏ ਦੀਆਂ ਸੇਵਾਵਾਂ ਮੁਫਤ ਮੁਹੱਈਆ ਕਰਵਾਏ। (ਸੁਣਵਾਈ ਲਈ ਕੋਈ ਮਿੱਤਰ ਜਾਂ ਰਿਸ਼ਤੇਦਾਰ ਅਨੁਵਾਦ ਨਹੀਂ ਕਰ ਸਕਦਾ)।

ਮੇਰੀ ਭਾਸ਼ਾ ਜਾਂ ਬੋਲੀ ਹੈ: ________________________________

ਉਸ ਵਿਅਕਤੀ ਦਾ ਨਾਂ ਜਿਸਨੂੰ ਬੈਨਿਫਿਟ ਦੇਣ ਤੋਂ ਇਨਕਾਰ ਕੀਤਾ ਗਿਆ ਹੈ, ਜਾਂ ਬੈਨਿਫਿਟ ਘੱਟ ਜਾਂ ਬੰਦ ਕਰ ਦਿੱਤੇ ਗਏ ਹਨ)

| | | |
|---|---|---|
| ਜਨਮ ਦੀ ਤਾਰੀਖ | ਫੋਨ ਨੰਬਰ | |
| ਪਤਾ | | |
| ਸ਼ਹਿਰ | ਸਟੇਟ | ਜ਼ਿਪ ਕੋਡ |
| ਦਸਤਖਤ | ਤਾਰੀਖ | |
| ਇਹ ਫਾਰਮ ਭਰਨ ਵਾਲੇ ਵਿਅਕਤੀ ਦਾ ਨਾਂ | ਫੋਨ ਨੰਬਰ | |

☐ **ਮੈਂ ਚਾਹੁੰਦਾ/ਚਾਹੁੰਦੀ ਹਾਂ ਕਿ ਹੇਠਾਂ ਦੱਸਿਆ ਵਿਅਕਤੀ ਇਸ ਸੁਣਵਾਈ ਵਿਚ ਮੇਰੀ ਨੁਮਾਇੰਦਗੀ ਕਰੇ। ਮੈਂ ਇਸ ਵਿਅਕਤੀ ਨੂੰ ਮੇਰੇ ਰਿਕਾਰਡ ਵੇਖਣ ਅਤੇ ਸੁਣਵਾਈ ਲਈ ਮੇਰੇ ਵਲੋਂ ਜਾਣ ਦੀ ਇਜਾਜ਼ਤ ਦੇਂਦਾ/ਦੇਂਦੀ ਹਾਂ (ਇਹ ਵਿਅਕਤੀ ਤੁਹਾਡਾ ਮਿੱਤਰ ਜਾਂ ਰਿਸ਼ਤੇਦਾਰ ਹੋ ਸਕਦਾ ਹੈ ਪਰ ਉਹ ਤੁਹਾਡੇ ਲਈ ਅਨੁਵਾਦ ਨਹੀਂ ਕਰ ਸਕਦਾ।)**

| | | |
|---|---|---|
| ਨਾਂ | ਫੋਨ ਨੰਬਰ | |
| ਪਤਾ | | |
| ਸ਼ਹਿਰ | ਸਟੇਟ | ਜ਼ਿਪ ਕੋਡ |